ਮੁੰਬਈ-ਅਧਾਰਤ ਫੋਟੋਗ੍ਰਾਫਰ **ਰਾਜੇਸ਼ ਵੋਰਾ** ਉੱਤਰ-ਪੱਛਮੀ ਭਾਰਤੀ ਰਾਜ- ਪੰਜਾਬ ਵਿੱਚ ਛੱਤਾਂ 'ਤੇ ਘਰੇਲੂ ਮੂਰਤੀਆਂ ਦਾ ਦਸਤਾਵੇਜ਼ ਬਣਾਉਂਦੇ ਹਨ, ਜੋ ਪਛਾਣ, ਡਾਇਸਪੋਰਾ, ਪਰਿਵਾਰ ਅਤੇ ਸੱਭਿਆਚਾਰ ਦੀ ਕਹਾਣੀ ਦੱਸਦੇ ਹਨ। ਇਹ ਸਟੀਲ, ਤਾਰ ਦੇ ਜਾਲ, ਸੀਮਿੰਟ ਅਤੇ ਪੇਂਟ ਤੋਂ ਬਣੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਦਿਲਚਸਪ ਵਸਤੂਆਂ ਛੱਤਾਂ ਤੇ ਬਣੀਆਂ ਪਾਣੀ ਦੀਆਂ ਟੈਂਕੀਆਂ ਵਜੋਂ ਦੇਖੀਆਂ ਜਾ ਸਕਦੀਆਂ ਹਨ।

ਇਹ ਪੰਜਾਬੀ ਪਿੰਡਾਂ ਲਈ ਇੱਕ ਵੱਖਰਾ ਵਰਤਾਰਾ ਹੈ, ਜਿਸਨੇ 1980 ਦੇ ਦਹਾਕੇ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ। ਉਸ ਸਮੇਂ, ਸਥਾਨਕ ਕਲਾਕਾਰਾਂ ਨੇ ਇਹਨਾਂ ਮੂਰਤੀਆਂ ਨੂੰ ਇੱਕ ਫਰੇਮ ਤੋਂ ਤਿਆਰ ਕੀਤਾ ਜੋ ਆਮ ਤੌਰ 'ਤੇ ਹਵਾਈ ਜਹਾਜ਼ਾਂ,

ਬਾਜ਼ਾਂ ਅਤੇ ਫੁੱਟਬਾਲਾਂ ਦੀ ਤਰਾਂ ਢਾਲਿਆ ਜਾਂਦਾ ਸੀ। ਸਾਲਾਂ ਦੇ ਬੀਤਣ ਦੌਰਾਨ, ਇੰਨ੍ਹਾ ਕਲਾਕਾਰਾਂ ਨੇ ਹਰੇਕ ਘਰ ਦੇ ਮਾਲਕ ਲਈ ਮੂਰਤੀਆਂ ਨੂੰ ਕਸਟਮ ਬਣਾਇਆ ਹੈ, ਜਿਸ ਦੇ ਨਤੀਜੇ ਵਜੋਂ ਕਲਾ ਦੇ ਵਧੇਰੇ ਵਿਭਿੰਨ ਅਤੇ ਵਿਸਤ੍ਰਿਤ ਕੰਮ ਹੋਏ ਹਨ।ਸੈਲਾਨੀ **ਰਾਜੇਸ਼ ਵੋਰਾ: ਰੋਜ਼ਾਨਾ ਸਮਾਰਕਾਂ** ਵਿੱਚ, ਇਹਨਾਂ ਵਿੱਚੋਂ ਇੱਕ ਸੌ ਤੋਂ ਵੱਧ ਮੂਰਤੀਆਂ ਨੂੰ ਦੇਖਣਗੇ। ਪੰਛੀ, ਫੁਟਬਾਲਾਂ, ਏਅਰਲਾਈਨਰਜ਼, ਆਟੋਮੋਬਾਈਲਜ਼, ਆਰਮੀ ਟੈਂਕ, ਵੇਟਲਿਫਟਰ, ਪ੍ਰੈਸ਼ਰ ਕੁੱਕਰ, ਸ਼ੇਰ ਅਤੇ ਘੋੜੇ ਆਦਿ ਵਿਭਿੰਨ ਵਸਤੂਆਂ ਜਿੰਨ੍ਹਾ ਵਿੱਚੋਂ ਇੱਕ ਹਨ।

ਜਦੋਂ ਕਿ ਗ੍ਰੇਟਰ ਵੈਨਕੂਵਰ ਵਿੱਚ ਪੰਜਾਬੀ ਆਬਾਦੀ ਇੱਕ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ ਦੀ ਸਥਾਪਤ ਹੈ, ਇਹ 20ਵੀਂ ਸਦੀ ਦੇ ਪਿਛਲੇ ਅੱਧ ਵਿੱਚ ਦੇਖਣ ਨੂੰ ਮਿਲਿਆ ਕਿ ਪੰਜਾਬ ਦੇ ਪਿੰਡਾਂ ਵਿੱਚੋਂ ਜਿਆਦਾਤਰ ਲੋਕਾਂ ਦੀ ਗਿਣਤੀ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਪਰਵਾਸ ਕਰ ਗਈ। ਕੈਨੇਡਾ ਉਨ੍ਹਾਂ ਦੀਆਂ ਪਸੰਦੀਦਾ ਥਾਵਾਂ ਵਿੱਚੋਂ ਇੱਕ ਸੀ। ਬਹੁਤ ਸਾਰੇ ਲੋਕ ਸੀਜ਼ਨਲ ਵਿਜ਼ਿਟ ਲਈ ਭਾਰਤ ਵਾਪਸ ਪਰਤਦੇ ਸਨ, ਪਿੰਡਾਂ ਵਿੱਚ ਰਹਿੰਦੇ ਅਪਣੇ ਪਰਿਵਾਰਾਂ ਨਾਲ ਨਜ਼ਦੀਕੀ ਸਬੰਧ ਰੱਖਦੇ ਸਨ, ਅਤੇ ਇਹਨਾਂ ਦੇ ਘਰ ਬਣਾਉਣ ਵਿੱਚ ਵਿੱਤੀ ਮੱਦਦ ਵੀ ਕਰਦੇ ਹਨ। ਇਹ ਘਰ ਆਪਣੇ ਆਪ ਵਿੱਚ ਵੱਖ-ਵੱਖ ਸ਼ੈਲੀਆਂ ਅਤੇ ਇਤਿਹਾਸਕ ਦੌਰ ਦਾ ਇੱਕ ਗੁੰਝਲਦਾਰ ਮਿਸ਼ਰਣ ਹਨ। ਕਈ ਉੱਚੀਆਂ ਮੰਜ਼ਲਾਂ ਵਾਲੇ ਘਰ, ਰਵਾਇਤੀ ਇੱਕ-ਮੰਜ਼ਲੇ ਖੁੱਲੇ ਵਿਹੜੇ-ਸ਼ੈਲੀ ਵਾਲੇ ਘਰਾਂ ਤੋਂ ਹੋਈ ਇੱਕ ਤਬਦੀਲੀ ਦਾ ਸੰਕੇਤ ਦਿੰਦੇ ਹਨ। ਇਹ ਵਿਲੱਖਣ ਘਰ ਅਤੇ ਇੰਨ੍ਹਾਂ ਦੀਆਂ ਛੱਤਾਂ ਦੀਆਂ ਸਜਾਵਟਾਂ ਦੋਵੇਂ ਮਿਲ ਕੇ ਰਵਾਇਤੀ ਡਿਜ਼ਾਈਨਾਂ ਦੀਆਂ ਸੀਮਾਵਾਂ ਨੂੰ ਤੋੜਦੇ ਹਨ। ਇਹ ਦਰਸਾਉਂਦੇ ਹਨ ਕਿ ਕਲਾ, ਆਰਕੀਟੈਕਚਰ, ਅਤੇ ਰੋਜ਼ਾਨਾ ਜੀਵਨ ਕਿਵੇਂ ਇਕ ਦੂਜੇ ਦੇ ਪੂਰਕ ਹਨ। ਵੋਰਾ ਦੀਆਂ ਫੋਟੋਆਂ ਪੰਜਾਬ ਦੇ ਉਸ ਸੱਭਿਆਚਾਰਕ ਪ੍ਰਗਟਾਵੇ ਦਾ ਇੱਕ ਮਹੱਤਵਪੂਰਨ ਰਿਕਾਰਡ ਜੋ ਸਭ ਕੁਝ ਹਨ ਪਰ ਭਾਰਤ ਤੋਂ ਬਾਹਰ ਅਣਜਾਣੇ ਹਨ ।

ਘਰਾਂ ਦੇ ਉੱਪਰ ਸਥਾਪਿਤ ਮੂਰਤੀਆਂ ਮਾਣ ਦੇ ਪ੍ਰਤੀਕ ਹਨ। ਉਹ ਅਕਸਰ ਨਿੱਜੀ ਅਤੇ ਯਾਦਗਾਰੀ ਪਰਿਵਾਰਕ ਚਿੰਨ੍ਹਾਂ ਨੂੰ ਦਰਸਾਉਂਦੇ ਹਨ। ਉਦਾਹਰਨ ਲਈ: ਜਿਵੇਂ ਕਿ ਮੇਰੇ ਦਾਦਾ ਜੀ ਕੋਲ ਪਿੰਡ ਵਿੱਚ ਪਹਿਲਾ ਟਰੈਕਟਰ ਸੀ; ਮੇਰਾ ਬੇਟਾ ਇੱਕ ਵੇਟਲਿਫਟਰ ਹੈ; ਅਸੀਂ ਆਪਣੇ ਨਵੇਂ ਘਰ ਤੱਕ ਪਹੁੰਚਣ ਲਈ ਏਅਰ ਕੈਨੇਡਾ ਲੈ ਗਏ; ਅਸੀਂ ਮਾਰੂਤੀ ਕਾਰ ਖਰੀਦੀ; ਮੇਰੇ ਪਿਤਾ ਜੀ ਭਾਰਤੀ ਫੌਜ ਵਿੱਚ ਸਨ। ਇਨ੍ਹਾਂ ਕਿੱਸਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਘਰੇਲੂ ਮੂਰਤੀਆਂ ਕਲਾਤਮਕ ਜਾਂ ਆਰਕੀਟੈਕਚਰਲ ਵਰਤਾਰੇ ਤੋਂ ਵੱਧ ਹਨ। ਉਹ ਇੱਕ ਡਾਇਸਪੋਰਿਕ ਕਹਾਣੀ ਦੱਸਦੇ ਹਨ ਜਿਸਦੀ ਦੁਨੀਆ ਭਰ ਵਿੱਚ ਗੂੰਜ ਹੈ।

ਇਸ ਪ੍ਰਦਰਸ਼ਨੀ ਦੇ ਕਿਊਰੇਟਰ ਕੀਥ ਵੈਲੇਸ ਨੇ ਨੋਟ ਕੀਤਾ, "ਰਾਜੇਸ਼ ਵੋਰਾ ਨੇ 2014 ਤੋਂ ਲੈ ਕੇ ਹੁਣ ਤੱਕ 150 ਦੇ ਕਰੀਬ ਪੰਜਾਬੀ ਪਿੰਡਾਂ ਦਾ ਦੌਰਾ ਕੀਤਾ ਹੈ। "ਸਰ੍ਹੀ ਬੀ.ਸੀ. ਦੀ ਪੰਜਾਬੀ ਆਬਾਦੀ ਦਾ ਕੇਂਦਰ ਹੋਣ ਦੇ ਨਾਲ, ਸਰ੍ਹੀ ਆਰਟ ਗੈਲਰੀ, ਉਸਦੀਆਂ ਤਸਵੀਰਾਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਸੁਭਾਵਿਕ ਸਥਾਨ ਹੈ।"

***ਰਾਜੇਸ਼ ਵੋਰਾ: ਰੋਜ਼ਾਨਾ ਸਮਾਰਕ,*** ਕੀਥ ਵੈਲੇਸ ਦੁਆਰਾ ਗੈਸਟ ਤੌਰ ਤੇ ਕਿਊਰੇਟਿਡ ਕੀਤੇ ਗਏ ਹਨ ਅਤੇ ਹੈਂਬਰ ਫਾਊਂਡੇਸ਼ਨ, ਹਰੀ ਸ਼ਰਮਾ ਫਾਊਂਡੇਸ਼ਨ, ਅਤੇ ਜ਼ੇਂਗ ਸ਼ੇਂਗਟੀਅਨ ਆਰਟ ਫਾਊਂਡੇਸ਼ਨ ਦੀ ਵਿੱਤੀ ਸਹਾਇਤਾ ਨਾਲ ਸੰਭਵ ਹੋਏ ਹਨ। ਸਾਊਥ ਏਸ਼ੀਅਨ ਸਟੱਡੀਜ਼ ਇੰਸਟੀਚਿਊਟ ਇਸਦਾ ਇੱਕ ਭਾਈਚਾਰਕ ਭਾਗੀਦਾਰ ਹੈ। ਇਹ ਪ੍ਰਦਰਸ਼ਨੀ, ਕੈਪਚਰ ਫੋਟੋਗ੍ਰਾਫੀ ਫੈਸਟੀਵਲ-2022 ਦੇ ਚੁਣੇ ਗਏ ਪ੍ਰੋਗਰਾਮਾਂ ਦਾ ਹਿੱਸਾ ਹੈ।

ਇਸ ਪ੍ਰਦਰਸ਼ਨੀ ਨਾਲ ਸਬੰਧਤ ਕੀਥ ਵੈਲੇਸ ਦੇ ਨਾਲ ਸਤਵਿੰਦਰ ਬੈਂਸ (ਡਾਇਰੈਕਟਰ, ਸਾਊਥ ਏਸ਼ੀਅਨ ਸਟੱਡੀਜ਼ ਇੰਸਟੀਚਿਊਟ, ਯੂਨੀਵਰਸਿਟੀ ਆਫ ਫਰੇਜ਼ਰ ਵੈਲੀ) ਦੇ ਗੱਲਬਾਤ ਕਰਦਿਆਂ ਹੋਇਆਂ ਦਾ ਇੱਕ ਆਨਲਾਈਨ ਟੂਰ ਵੀ ਹੈ, ਜੋ 30 ਅਪ੍ਰੈਲ ਨੂੰ ਗੈਲਰੀ ਦੇ ਯੂ-ਟਿਊਬ ਚੈਨਲ 'ਤੇ ਰਿਲੀਜ਼ ਹੋਵੇਗਾ।

## ਰਾਜੇਸ਼ ਵੋਰਾ ਬਾਰੇ:

ਰਾਜੇਸ਼ ਵੋਰਾ (ਬੀ. 1954) ਮੁੰਬਈ ਸ਼ਹਿਰ ਦਾ ਇੱਕ ਮਸ਼ਹੂਰ ਫੋਟੋਗ੍ਰਾਫਰ ਹੈ ਜਿਸ ਨੇ ਮੁੱਖ ਤੌਰ 'ਤੇ ਆਰਕੀਟੈਕਚਰਲ ਅਤੇ ਸੱਭਿਆਚਾਰਕ ਵਿਸ਼ਿਆਂ ਤੇ ਧਿਆਨ ਕੇਂਦਰਿਤ ਕੀਤਾ ਹੈ। ਉਸਨੇ 1979 ਵਿੱਚ ਭਾਰਤ ਦੇ ਅਹਿਮਦਾਬਾਦ ਵਿੱਚਲੇ ਨੈਸ਼ਨਲ ਇੰਸਟੀਚਿਊਟ ਆਫ਼ ਡਿਜ਼ਾਈਨ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ। ਉਸਦੀ ਆਰਕੀਟੈਕਚਰਲ ਫੋਟੋਗ੍ਰਾਫੀ ***ਡੋਮਸ*** (ਇੰਡੀਆ), ***ਆਰਕੀਟੈਕਚਰਲ ਡਿਜ਼ਾਈਨ*** (ਇੰਡੀਆ), ***ਇਨਸਾਈਡ ਆਊਟਸਾਈਡ, ਡੀਜ਼ੀਨ*** ਅਤੇ ***ਆਰਚਡੇਲੀ*** ਵਿੱਚ ਦਿਖਾਈ ਦਿੰਦੀ ਹੈ। ਵੋਰਾ ਨੂੰ, ਸਾਲਾਂ (2001, 2007, 2010 ਤੇ 2016) ਵਿੱਚ, ਆਰਕੀਟੈਕਚਰ ਫਾਊਂਡੇਸ਼ਨ ਦੇ ਪ੍ਰਸਿੱਧ ਆਗਾ ਖ਼ਾਨ ਅਵਾਰਡ ਲਈ ਭਾਰਤ ਅਤੇ ਬੰਗਲਾਦੇਸ਼ ਵਿੱਚਲੇ ਸਮਾਜਿਕ ਪ੍ਰਸੰਗਿਕਤਾ ਵਾਲੇ ਆਰਕੀਟੈਕਚਰ ਪ੍ਰੋਜੈਕਟਾਂ ਨੂੰ ਡਾਕੂਮੈਂਟ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਉਸਦੀਆਂ ਤਸਵੀਰਾਂ, ਸਾਂਤਾ ਕਰੂਜ਼ ਡੀ ਟੈਨਰੀਫ (ਕੈਨਰੀ

ਆਈਲੈਂਡਜ਼), ਲਿੱਲੀ (ਫਰਾਂਸ), ਨੇਵਾਰਕ ਮਿਊਜ਼ੀਅਮ (ਨਿਊ ਜਰਸੀ), ਫੋਟੋਇੰਕ (ਨਵੀਂ ਦਿੱਲੀ), ਜੈਪੁਰ ਫੋਟੋ ਫੈਸਟੀਵਲ, ਅਤੇ ਇੰਡੀਆ ਇੰਟਰਨੈਸ਼ਨਲ ਸੈਂਟਰ (ਨਵੀਂ ਦਿੱਲੀ) ਵਿੱਚ ਪ੍ਰਦਰਸ਼ਿਤ ਕੀਤੀਆਂ ਜਾ ਚੁੱਕੀਆਂ ਹਨ।